# ਬੋਲ਼ੇ ਬੱਚਿਆਂ ਨੂੰ ਪਾਲ ਰਹੇ ਘੱਟ ਆਮਦਨ ‘ਤੇ ਰਹਿਣ ਵਾਲੇ ਪਰਵਾਰ

ਨੈਸ਼ਨਲ ਡੈਫ਼ ਚਿਲਰੈਨਜ਼ ਸੋਸਾਇਟੀ ਨੂੰ ਰਿਪੋਰਟ

ਰੇਚਲ ਓ'ਨੀਲ, ਜੋ ਬੋਈ, ਹੇਲੇਨ ਫਉਲਕਸ, ਓਡਰੀ ਕੈਮਰੋਨ,
ਰੀਆਨ ਮੀਏਰਾ ਅਤੇ ਡੌਨਾ ਕਾਮੇਡਾ

ਸਕੂਲ ਆੱਫ ਐਜੂਕੇਸ਼ਨ, ਸਕੌਟਿਸ਼ ਸੈਂਸਰੀ ਸੈਂਟਰ,
ਯੂਨੀਵਰਸਿਟੀ ਆੱਫ ਐਡਿਨਬਰਾ।

ਮਾਰਚ 2019

SSC
scottish sensory centre

THE UNIVERSITY of EDINBURGH

## ਅਧਿਐਨ ਦਾ ਸਾਰ

ਖੰਡ **1** ਘੱਟ ਆਮਦਨ ਵਾਲੇ ਪਰਵਾਰਾਂ ਵਿੱਚ ਰਹਿਣ ਵਾਲੇ ਬੋਲ਼ੇ ਨੌਜਵਾਨਾਂ ਨਾਲ ਸੰਬੰਧਿਤ ਸਾਹਿਤ ਦੀ ਸਮੀਖਿਆ ਹੈ। ਸਮੀਖਿਆ ਦਾ ਉਦੇਸ਼ ਉਸ ਖੋਜ 'ਤੇ ਧਿਆਨ ਕੇਂਦਰਿਤ ਕਰਨਾ ਹੈ ਜੋ ਭਾਸ਼ਾ ਵਿੱਚ ਪ੍ਰਵਾਹ ਨੂੰ ਵਧਾਉਂਦਾ ਹੈ, ਅਤੇ ਅਜਿਹੇ ਕਾਰਨਾਂ 'ਤੇ ਜਿਹੜੇ ਭਾਸ਼ਾ ਦੇ ਨਤੀਜਿਆਂ ਨੂੰ ਸੁਧਾਰਦੇ ਹਨ, ਭਾਵੇਂ ਜਦੋਂ ਸਮਾਜਕ-ਆਰਥਿਕ ਹਾਲਾਤ ਵਿਸ਼ਮ ਹੋਣ। ਘੱਟ ਆਮਦਨ ਵਾਲੇ ਪਰਵਾਰਾਂ ਵਿੱਚ ਵੱਧ ਰਹੇ ਬੱਚਿਆਂ ਵਿੱਚ ਭਾਸ਼ਾ ਦੇ ਨਤੀਜੇ ਵਰਤਮਾਨ ਵਿੱਚ ਮੁਕਾਬਲਤਨ ਘੱਟ ਹਨ ਅਤੇ ਔਸਤਨ ਸਕੂਲ ਨਾਲੋਂ ਘੱਟ ਸਫਲ ਅਕਾਦਮਿਕ ਨਤੀਜੇ ਹਨ। ਇਹ ਸਮੀਖਿਆ ਖੋਜ ਦੀ ਰਣਨੀਤੀ ਨਿਰਧਾਰਤ ਕਰਦੀ ਹੈ, ਜੋ ਕਿ ਮੁਕਾਬਲਤਨ ਜ਼ਿਆਦਾ ਆਮਦਨ ਵਾਲੇ ਦੇਸ਼ਾਂ ਤੋਂ ਅਧਿਐਨਾਂ 'ਤੇ ਧਿਆਨ ਕੇਂਦਰਿਤ ਕਰਦੀ ਹੈ ਜਿਹਨਾਂ ਦੇ ਸਿਹਤ ਜਾਂ ਸਿੱਖਿਆ ਪ੍ਰਣਾਲੀਆਂ ਯੂਕੇ ਵਰਗੀਆਂ ਹਨ। 9 ਵਿਸ਼ਿਆਂ ਵਿੱਚ 59 ਸ੍ਰੋਤਾਂ ਦਾ ਸਾਰ ਕੱਢਿਆ ਅਤੇ ਉਹਨਾਂ ਦਾ ਮੁਲਾਂਕਣ ਕੀਤਾ ਗਿਆ ਹੈ। ਅੰਤ ਵਿੱਚ, ਇੱਕ ਸੰਸਲੇਸ਼ਣ ਸਭ ਤੋਂ ਮਹੱਤਵਪੂਰਣ ਕਾਰਨਾਂ ਦੀ ਪਰਖ ਕਰਦਾ ਹੈ, ਵਸੀਲਾ ਬਣਨ ਵਾਲੀਆਂ ਬਦਲਣਹਾਰ ਚੀਜਾਂ ਬਾਰੇ ਚਰਚਾ ਕਰਦਾ ਹੈ ਜਿੱਥੇ ਘੱਟ ਆਮਦਨ ਵਾਲੇ ਪਰਵਾਰਾਂ ਦੀ ਸਹਾਇਤਾ ਕਰਨ ਲਈ ਦਖਲ-ਅੰਦਾਜ਼ੀ ਸੰਭਵ ਹੋ ਸਕਦੀ ਹੈ, ਅਤੇ ਦਖਲ-ਅੰਦਾਜ਼ੀ ਲਈ ਸਭ ਤੋਂ ਵਧੀਆ ਰਣਨੀਤੀਆਂ ਦਾ ਸਾਰ ਕੱਢਦਾ ਹੈ ਜੋ ਜਿਆਦਾ ਵਿਆਪਕ ਢੰਗ ਨਾਲ ਲਾਗੂ ਕੀਤੀਆਂ ਜਾ ਸਕਦੀਆਂ ਹਨ। ਸਭ ਤੋਂ ਵੱਧ ਉਮੀਦਪੂਰਨ ਨਤੀਜਿਆਂ ਵਿੱਚੋਂ ਇੱਕ, ਅਗੇਤੀ ਪਛਾਣ ਨਾਲ ਫਾਇਦਾ ਹੈ ਅਤੇ ਪਰਵਾਰ ਨਾਲ ਜਲਦੀ ਕੰਮ ਕਰਨਾ ਸ਼ੁਰੂ ਕਰਨ ਨਾਲ ਘੱਟ ਆਮਦਨ ਪਿਛੋਕੜਾਂ ਵਾਲੇ ਬੋਲ਼ੇ ਬੱਚਿਆਂ ਲਈ ਭਾਸ਼ਾ ਦੇ ਨਤੀਜੇ ਨਿਕਲਦੇ ਹਨ।

ਖੰਡ **2** ਦਾ ਉਦੇਸ਼ ਘੱਟ ਆਮਦਨ 'ਤੇ ਰਹਿਣ ਵਾਲੇ ਮਾਤਾ-ਪਿਤਾ ਵੱਲੋਂ ਇੱਕ ਬੋਲ਼ੇ ਬੱਚੇ ਨੂੰ ਪਾਲਨ ਬਾਰੇ ਉਹਨਾਂ ਦੇ ਤਜਰਬੇ ਅਤੇ ਵਿਚਾਰਾਂ ਦੀ, ਉਹਨਾਂ ਨੂੰ ਉਪਲਬਧ ਸਹਾਇਤਾ ਦੀ ਅਤੇ ਉਹਨਾਂ ਨੂੰ ਉਹਨਾਂ ਦੇ ਬੋਲ਼ੇ ਬੱਚੇ ਦੀ ਭਾਸ਼ਾ ਦੇ ਵਿਕਾਸ ਦੇ ਸਬੰਧ ਵਿੱਚ ਉਨ੍ਹਾਂ ਦੀਆਂ ਚੁਣੌਤੀਆਂ ਅਤੇ ਮਿਲੀ ਸਹਾਇਤਾ ਦੀ ਖੋਜ ਕਰਨਾ ਹੈ। ਘਾਟੇ ਦੀ ਰੌਸ਼ਨੀ ਵਿੱਚ ਪਰਿਵਾਰਾਂ ਨੂੰ ਵੇਖਣ ਦੀ ਬਜਾਏ, ਸਾਹਿਤ ਦਾ ਇਸਤੇਮਾਲ ਕਰਕੇ ਅਤੇ ਮਾਤਾ-ਪਿਤਾ ਦੇ ਵਿਸ਼ਵਾਸ ਅਤੇ ਰਣਨੀਤੀਆਂ ਦੀਆਂ ਯੋਜਨਾਵਾਂ 'ਤੇ ਧਿਆਨ ਕੇਂਦਰਿਤ ਕਰ ਕੇ ਸਵਾਲਾਂ ਨੂੰ ਵਿਕਸਿਤ ਕੀਤਾ ਗਿਆ ਸੀ। ਯੂਕੇ ਦੇ ਸਾਰੇ ਹਿੱਸਿਆਂ ਤੋਂ ਇੱਕੀ ਪਰਵਾਰਾਂ ਦਾ ਇੰਟਰਵਿਊ, ਜਿਆਦਾਤਰ ਦਾ ਆਮ੍ਹੋ-ਸਾਮ੍ਹਣੇ ਅਤੇ ਦੋ ਦਾ ਫੋਨ ਦੀ ਵਰਤੋਂ ਕਰ ਕੇ ਇੰਟਰਵਿਊ ਕੀਤਾ ਗਿਆ ਸੀ। ਖੋਜਾਂ ਤੋਂ ਪਤਾ ਲੱਗਾ ਹੈ ਕਿ ਘੱਟ ਆਮਦਨ 'ਤੇ ਰਹਿੰਦੇ ਪਰਵਾਰਾਂ ਲਈ, ਨਵੇਂ ਜਨਮੇ ਦੀ ਸੁਣਵਾਈ ਦੀ ਜਾਂਚ ਅਤੇ ਸ਼ੁਰੂਆਤੀ ਦਖਲਅੰਦਾਜੀ ਬਹੁਤ ਪ੍ਰਭਾਵਸ਼ਾਲੀ ਨਹੀਂ ਸੀ। ਬਹੁਤ ਸਾਰੇ ਪਰਵਾਰ, ਖਾਸ ਤੌਰ 'ਤੇ ਜਿਨ੍ਹਾਂ ਦੇ ਪੜ੍ਹਨ ਦੇ ਹੁਨਰ ਕਮਜੋਰ ਹਨ ਜਾਂ ਜੋ ਬੋਲਣ ਵਾਲੀ ਅੰਗਰੇਜ਼ੀ ਦੀ ਵਰਤੋਂ ਨਹੀਂ ਕਰਦੇ, ਉਹ ਭਾਸ਼ਾ, ਸੰਚਾਰ ਵਿਕਲਪਾਂ ਅਤੇ ਉਪਕਰਨਾਂ ਬਾਰੇ ਮਾਹਰਾਂ ਕੋਲੋਂ ਹੋਰ ਜਾਣਕਾਰੀ ਅਤੇ ਵਿਚਾਰ-ਵਟਾਂਦਰਾ ਚਾਹੁੰਦੇ ਹਨ। ਅਕਸਰ ਪਰਿਵਾਰਾਂ ਕੋਲ ਸਿਹਤ ਅਤੇ ਸਿੱਖਿਆ ਪੇਸ਼ੇਵਰਾਂ ਨੂੰ ਵਾਪਸ ਰਿਪੋਰਟ ਕਰਨ ਦਾ ਕੋਈ ਤਰੀਕਾ ਨਹੀਂ ਹੁੰਦਾ ਕਿ ਉਹ ਅਸਲ ਵਿੱਚ ਕਿਵੇਂ ਮਹਿਸੂਸ ਕਰਦੇ ਸੀ, ਜਾਂ ਉਹਨਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨਾ ਔਖਾ ਲਗਦਾ ਸੀ। ਮਾਤਾ-ਪਿਤਾ ਦਾ ਵਿਸ਼ਵਾਸ,

ਵਧੀਆ ਜਾਣਕਾਰੀ ਅਤੇ ਸੂਚਨਾ ਦੇ ਵਿਕਲਪਕ ਸਰੋਤ, ਜਿਵੇਂ ਕਿ ਕੋਈ ਵਿਅਕਤੀ ਜੋ ਸਿੱਖਿਆ ਪ੍ਰਣਾਲੀ ਬਾਰੇ ਜਾਣਦਾ ਸੀ, ਹੋਣ ਨਾਲ ਸਬੰਧਤ ਸੀ। ਬਹੁਤ ਸਾਰੇ ਪਰਵਾਰਾਂ ਕੋਲ ਕੋਈ ਦੂਜਾ ਸਰੋਤ ਨਹੀਂ ਸੀ। ਇਸ ਅਧਿਐਨ ਵਿੱਚ, ਅੱਧੇ ਤੋਂ ਜਿਆਦਾ ਮਾਤਾ-ਪਿਤਾ ਘਰ ਵਿੱਚ ਬ੍ਰਿਟਿਸ਼ ਸਾਇਨ ਲੈਂਗਉਏਜ (BSL) ਜਾਂ ਹੋਰ ਬੁਨਿਆਦੀ ਸਾਇਨ ਲੈਂਗਉਏਜ ਦੀ ਵਰਤੋਂ ਕਰਦੇ ਸੀ। ਮਾਹਰ ਅਕਸਰ ਉਹਨਾਂ ਨੂੰ ਇਸ ਪਹੁੰਚ ਦਾ ਇਸਤੇਮਾਲ ਕਰਨ ਤੋਂ ਨਿਰ-ਉਤਸ਼ਾਹਿਤ ਕਰਦੇ ਸੀ, ਪਰ ਮਾਤਾ-ਪਿਤਾ ਨੂੰ ਇਹ ਲਾਭਦਾਇਕ ਲੱਗਦਾ ਸੀ। ਹਲਾਂਕਿ, ਮਾਤਾ-ਪਿਤਾ ਨੂੰ ਸਾਇਨ ਲੈਂਗਉਏਜ ਸਿੱਖਣ ਦੇ ਜਿਆਦਾ ਮੌਕੇ ਨਹੀਂ ਮਿਲੇ ਸੀ।

ਖੰਡ **3** ਸਾਹਿਤ ਦੀ ਸਮੀਖਿਆ ਨੂੰ ਇੰਟਰਵਿਊ ਦੇ ਵਿਸ਼ਲੇਸ਼ਣ ਨਾਲ ਸਬੰਧਿਤ ਕਰਦੇ ਹੋਏ, ਅਧਿਐਨ ਦੇ ਦੋਹਾਂ ਹਿੱਸਿਆਂ ਦੇ ਨਤੀਜਿਆਂ ਬਾਰੇ ਗੱਲ-ਬਾਤ ਕਰਦਾ ਹੈ। ਨੈਸ਼ਨਲ ਡੈਫ਼ ਚਿਲਰੈਨਜ਼ ਸੋਸਾਇਟੀ (NDCS), ਬੋਲ਼ੇ ਬੱਚਿਆਂ ਦੇ ਸਿਖਿਅਕ ਅਤੇ ਸਿਹਤ ਪੇਸ਼ੇਵਰਾਂ ਦੇ ਸਬੰਧ ਵਿੱਚ ਖੋਜ 'ਤੇ ਅਧਾਰਤ ਸਿਫਾਰਿਸ਼ਾਂ ਕੀਤੀਆਂ ਜਾਂਦੀਆਂ ਹਨ।